# ਮੇਰੀ ਬਾਹ ਫੜ ਲੇ ਮਾਁ

"ਮੇਰੀ ਬਾਂਹ ਫੜ੍ਹ ਲੈ, ਅਜੀ ਹਾਂ ਫੜ੍ਹ ਲੈ" ॥
*ਮੈਨੂੰ ਆਪਣੀ, ਚਰਣੀ ਲਾ ਲੈ ਮਾਂ ॥
ਹੋਰ ਤੇ ਕੋਈ, ਮੈਨੂੰ ਪੁੱਛਦਾ ਨਹੀਂ* ॥,
ਮੈਨੂੰ ਆਪਣੇ, ਕੋਲ ਬਿਠਾ ਲੈ ਮਾਂ,,,
"ਮੇਰੀ ਬਾਂਹ ਫੜ੍ਹ ਲੈ, ਅਜੀ ਹਾਂ ਫੜ੍ਹ ਲੈ" ॥
*ਮੈਨੂੰ ਆਪਣੀ, ਚਰਣੀ ਲਾ ਲੈ ਮਾਂ ।
*ਮੈਨੂੰ ਆਪਣੇ, ਕੋਲ ਬਿਠਾ ਲੈ ਮਾਂ ।
ਹੋਰ ਤੇ ਕੋਈ, ਮੈਨੂੰ ਸੁਣਦਾ ਨਹੀਂ* ॥,
ਮੈਨੂੰ ਆਪਣੇ, ਰੰਗ ਰੰਗਾ ਲੈ ਮਾਂ,,,
"ਮੇਰੀ ਬਾਂਹ ਫੜ੍ਹ ਲੈ, ਅਜੀ ਹਾਂ ਫੜ੍ਹ ਲੈ" ॥

ਮੈਂ ਟੁੱਟਿਆ, ਇਸ ਦੁਨੀਆਂ ਤੋਂ,
"ਹੋਰ ਨਾ ਮੈਨੂੰ ਤੋੜੀ ਮਾਂ" ।
ਮੇਰੀ ਬਾਂਹ ਜੇ, ਫੜ੍ਹ ਲਈ ਏ,
"ਬਾਂਹ ਮੇਰੀ ਨਾ ਛੋੜੀ ਮਾਂ" ॥
ਇੱਕ ਹਨੂੰ ਮੰਗਦਾ,,, ਤੇਰੇ ਰੰਗ ਰੰਗਦਾ,,, ।
*ਮੈਨੂੰ ਆਪਣੇ, ਕੋਲ ਬਿਠਾ ਲੈ ਮਾਂ ।
*ਮੈਨੂੰ ਆਪਣੀ, ਚਰਨੀ ਲਾ ਲੈ ਮਾਂ ।
ਹੋਰ ਤੇ ਕੋਈ, ਮੇਰਾ ਬਣਿਆ ਨਹੀਂ* ॥,
ਮੈਨੂੰ ਆਪਣਾ, ਪੁੱਤਰ ਬਣਾ ਲੈ ਮਾਂ,,,
"ਮੇਰੀ ਬਾਂਹ ਫੜ੍ਹ ਲੈ, ਅਜੀ ਹਾਂ ਫੜ੍ਹ ਲੈ" ॥

ਗੂੰਗਾ ਬੋਲੇ, ਬਹਿਰਾ ਸੁਣ ਲਏ,
"ਏਹੀਓ ਤੇਰੀ ਮਾਇਆ ਮਾਂ" ।
ਇਸ ਦੁਨੀਆਂ ਦੇ, ਅੰਦਰ ਤੂੰ ਤਾਂ,
"ਅਜ਼ਬ ਦਾ ਖੇਲ ਰਚਾਇਆ ਮਾਂ" ॥
ਤੇਰਾ ਹੋ ਗਿਆ ਮਾਂ,,, ਤੇਰਾ ਹੋ ਗਿਆ ਮਾਂ,,, ।
*ਮੈਨੂੰ ਆਪਣੇ, ਲੜ੍ਹ ਤੂੰ ਲਾ ਲੈ ਮਾਂ ।
*ਮੈਨੂੰ ਆਪਣਾ, ਸੇਵਕ ਤੂੰ ਬਣਾ ਲੈ ਮਾਂ ।
ਹੋਰ ਤੇ ਕੋਈ, ਮੇਰਾ ਬਣਿਆ ਨਹੀਂ* ॥,
ਮੈਨੂੰ ਆਪਣਾ, ਪੁੱਤਰ ਬਣਾ ਲੈ ਮਾਂ,,,
"ਮੇਰੀ ਬਾਂਹ ਫੜ੍ਹ ਲੈ, ਅਜੀ ਹਾਂ ਫੜ੍ਹ ਲੈ" ॥

ਕਈ ਰੋਗੀ ਤਾਂ, ਮੌਤ ਦੇ ਮੂੰਹ 'ਚੋਂ,
"ਚੱਲ ਦਰ ਤੇਰੇ, ਆ ਗਏ ਮਾਂ" ।
ਜਿਹਨਾਂ ਨੇ ਲਿਖਾਇਆ, ਮੱਥੇ ਉੱਤੇ,
"ਆਪਣਾ ਨਾਮ, ਦਿਖਾ ਗਏ ਮਾਂ" ॥
ਮੈਂ ਭੇਟਾਂ ਮਾਂ,,, ਤੇਰੀਆਂ ਗਾਈਆਂ ਮਾਂ,,, ।
ਲੋਕਾਂ ਦੇ ਦੁੱਖ ਮਾਂ,,, ਲੈ ਕੇ ਆ ਗਿਆ ਮਾਂ,,, ।
*ਮੈਨੂੰ ਆਪਣੀ, ਸ਼ਰਨੀ ਲਾ ਲੈ ਮਾਂ ।
*ਮੈਨੂੰ ਆਪਣਾ, ਦਰਸ਼ ਦਿਖਾ ਦੇ ਮਾਂ ।
ਝੱਲੇ ਲੋਕੀਂ ਮੈਨੂੰ, ਸਵਾਮੀ ਕਹਿੰਦੇ* ॥,

ਦਰ ਦਾ ਕੁੱਤਾ, ਬਣਾ ਲੈ ਮਾਂ,,,
"ਮੇਰੀ ਬਾਂਹ ਫੜ੍ਹ ਲੈ, ਅਜੀ ਹਾਂ ਫੜ੍ਹ ਲੈ" ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27781/title/meri-banh-fadh-lai-maa

अपने Android मोबाइल पर BhajanGanga App डाउनलोड करें और भजनों का आनंद ले |